ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ

ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,

ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਮੀਮੋ ਨੰ ਡਿਐਸਪੀਡੀ/ਵੀ/45740

ਮਿਤੀ ਚੰਡੀਗੜ੍ਹ 8 ਜੁਲਾਈ, 2010

ਵਿਸ਼ਾ ਬੀ.ਐਡ. ਟੀਚਿੰਗ ਪ੍ਰੈਕਟਿਸ ਕਰਵਾਉਣ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਮਹੀਨਾਵਾਰ ਮੀਟਿੰਗਾਂ ਦੌਰਾਨ ਉਕਤ ਮੁੱਦੇ ਤੇ ਦਿੱਤੇ ਸੁਝਾਅ ਅਤੇ ਸਕੂਲਾਂ ਵੱਲੋਂ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਮੁੱਖ ਦਫਤਰ ਵਿੱਚ 22.6.2010 ਨੂੰ ਹੋਈ ਮੀਟਿੰਗ ਵਿੱਚ ਵਿਸਥਾਰਪੂਰਵਕ ਵਿਚਾਰਿਆ ਗਿਆ ਹੈ । ਇਸ ਮੀਟਿੰਗ ਵਿੱਚ ਪ੍ਰਾਪਤ ਹੋਏ ਸੁਝਾਵਾਂ ਨੂੰ ਘੋਖਣ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਜਾਂਦਾ ਹੈ :-

(1) ਕਿਸੇ ਵੀ ਸਕੂਲ ਵਿੱਚ ਦੋ ਤੋਂ ਵੱਧ ਸਿੱਖਿਆਰਥੀ ਟੀਚਿੰਗ ਪ੍ਰੈਕਟਿਸ ਲਈ ਨਹੀਂ ਜਾਣਗੇ । ਜ਼ਿਲ੍ਹਾ ਸਿੱਖਿਆ ਅਫਸਰ ਇਹ ਧਿਆਨ ਰੱਖਣਗੇ ਕਿ ਸਕੂਲ ਵਿੱਚ ਜਿਸ ਵਿਸ਼ੇ ਦੀ ਪੋਸਟ ਖਾਲੀ ਹੈ, ਉਸੇ ਵਿਸ਼ੇ ਦੇ ਸਿੱਖਿਆਰਥੀ ਨੂੰ ਟੀਚਿੰਗ ਪ੍ਰੈਕਟਿਸ ਲਈ ਭੇਜਿਆ ਜਾਵੇ ;

(2) ਬੀ.ਐਡ. ਕਾਲਜਾਂ ਦੇ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਟੀਚਿੰਗ ਪ੍ਰੈਕਟਿਸ ਲਈ ਬੇਨਤੀ ਕਰਨ ਸਮੇਂ ਸਿੱਖਿਆਰਥੀਆਂ ਦੀ ਵਿਸ਼ਾਵਾਰ ਗਿਣਤੀ ਦੇਣਗੇ ਅਤੇ ਉਸ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ ਸਕੂਲਾਂ ਦੀ ਲੋੜ ਅਨੁਸਾਰ ਸਿੱਖਿਆਰਥੀਆਂ ਦੀ ਵੰਡ ਕਰਨਗੇ ।

(3) ਦਸੰਬਰ ਤੋ ਮਾਰਚ ਤੱਕ ਟੀਚਿੰਗ ਪ੍ਰੈਕਟਿਸ ਲਈ ਸਕੂਲ ਨਹੀਂ ਦਿੱਤੇ ਜਾਣਗੇ ।

(4) ਟੀਚਿੰਗ ਪੈਕਟਿਸ ਲਗਾਉਣ ਵਾਸਤੇ ਉਹਨਾਂ ਸਕੂਲਾਂ ਵਿੱਚ ਹੀ ਸਿੱਖਿਆਰਥੀ ਭੇਜੇ ਜਾਣਗੇ ਜਿੱਥੇ ਅਧਿਆਪਕਾਂ ਦੀ ਘਾਟ ਹੋਵੇ ।

(5) ਸਬੰਧਤ ਬੀ.ਐਡ. ਕਾਲਜਾਂ ਦੇ ਪ੍ਰਿੰਸੀਪਲ ਸਿੱਖਿਆਰਥੀਆਂ ਦਾ ਸਕੂਲ ਦੇ ਅਨੁਸ਼ਾਸ਼ਨ ਅਨੁਸਾਰ ਕੰਮ ਕਰਨਾ ਯਕੀਨੀ ਬਣਾਉਣਗੇ । ਜੇ ਸਿੱਖਿਆਰਥੀ ਸਕੂਲ ਦੇ ਅਨੁਸ਼ਾਸ਼ਨ ਨੂੰ ਭੰਗ ਕਰਨਗੇ ਤਾਂ ਸਬੰਧਤ ਸਕੂਲ ਦਾ ਪ੍ਰਿੰਸੀਪਲ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਕਰਨ ਤੋਂ ਮਨ੍ਹਾਂ ਕਰਨ ਲਈ ਅਧਿਕਾਰਤ ਹੋਵੇਗਾ ।

(6) ਸਿੱਖਿਆਰਥੀ ਸਬੰਧਤ ਸਕੂਲ ਦੇ ਅਧਿਆਪਕ ਦੇ ਪਾਠਕ੍ਰਮ ਦੀ ਮਹੀਨਾਵਾਰ ਵੰਡ ਅਨੁਸਾਰ ਹੀ ਟਾਪਿਕ ਪੜਾਉਣਗੇ ।

(7) ਸਿੱਖਿਆਰਥੀ "ਪਾਠ ਯੋਜਨਾ " ਸਬੰਧਤ ਵਿਸ਼ੇ ਦੇ ਅਧਿਆਪਕ ਨੂੰ ਦਿਖਾਉਣ ਤੋਂ ਬਾਅਦ ਹੀ ਜਮਾਤ ਵਿੱਚ ਪੜ੍ਹਾਏਗਾ ।

(8) ਸਿੱਖਿਆਰਥੀ ਦੇ ਪੀਰੀਅਡ ਲੈਣ ਸਮੇ ਸਬੰਧਤ ਅਧਿਆਪਕ ਜਮਾਤ ਵਿੱਚ ਹਾਜ਼ਰ ਰਹੇਗਾ ਅਤੇ ਲੋੜ ਪੈਣ ਤੇ ਆਪਣੇ ਸੁਝਾਅ ਵੀ ਦਵੇਗਾ ।

(9) ਸਿੱਖਿਆਰਥੀ ਵੱਲੋਂ ਸਹਾਇਕ ਸਮੱਗਰੀ ਦੀ ਵਰਤੋਂ ਯਕੀਨੀ ਬਣਾਉਣ ਲਈ ਸਬੰਧਤ ਵਿਸ਼ੇ ਦਾ ਅਧਿਆਪਕ ਜਿੰਮੇਵਾਰ ਹੋਵੇਗਾ ।

(10) ਟੀਚਿੰਗ ਪ੍ਰੈਕਟਿਸ ਦੌਰਾਨ ਸਕੂਲ ਦੀ ਸਮਾਂ ਸਾਰਣੀ, ਪਾਠਕ੍ਰਮ, ਪੇਪਰਾਂ ਦੇ ਸਡਿਊਲ ਅਤੇ ਮਿੱਡ ਡੇ ਮੀਲ ਆਦਿ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਡਿਐਸਪੀਡੀ/ਵੀ/ਉਕਤ ਮਿਤੀ 08-05-2010

ਇਸ ਦਾ ਉਤਾਰਾ ਡੀ.ਪੀ.ਆਈ. (ਸੈ.ਸਿ.) ਅਤੇ (ਐ.ਸਿ.) ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ